NEWS RELEASE

# ਬਜਟ 2017: ਮਜ਼ਬੂਤ ਮਿਡਲ ਕਲਾਸ ਦਾ ਨਿਰਮਾਣ ਕਰਨਾ

22 ਮਾਰਚ, 2017 ਓਟਾਵਾ, ਓਨਟੈਰੀਓ ਡਿਪਾਰਟਮੈਂਟ ਅੱਫ ਫਾਈਨੈਂਸ ਕੈਨੇਡਾ (Department of Finance Canada)

ਬਜਟ 2017 ਨੌਕਰੀਆਂ ਪੈਦਾ ਕਰਨ ਅਤੇ ਮਿਡਲ ਕਲਾਸ ਨੂੰ ਮਜ਼ਬੂਤ ਬਣਾਉਣ ਲਈ ਸਰਕਾਰ ਦੀ ਲੰਮੀ-ਮਿਆਦ ਦੀ ਯੋਜਨਾ ਵਿੱਚ ਅਗਲਾ ਕਦਮ ਹੈ। ਕੈਨੇਡਾ ਪੜ੍ਹੇ-ਲਿਖੇ ਅਤੇ ਬਹੁਤ ਜ਼ਿਆਦਾ ਕੁਸ਼ਲ ਕਾਰਜਬਲ ਦਾ ਸੁਦੇਸ਼ ਹੈ, ਪਰੰਤੂ ਕਾਰਜ ਸਥਾਨ ਦੀਆਂ ਮੰਗਾਂ ਵਿੱਚ ਤਬਦੀਲੀ ਹੋਣ ਨਾਲ, ਸਿੱਖਿਆ ਅਤੇ ਕੁਸ਼ਲਤਾਵਾਂ ਵਿੱਚ ਵੀ ਤਬਦੀਲੀ ਹੋਣੀ ਲਾਜ਼ਮੀ ਹੈ, ਜਿਨ੍ਹਾਂ ਦਾ ਇਸਤੇਮਾਲ ਕਾਮੇ ਆਪਣੀਆਂ ਨੌਕਰੀਆਂ ਵਿੱਚ ਕਰਦੇ ਹਨ। ਅਰਥਚਾਰੇ ਵਿੱਚ ਤਬਦੀਲੀਆਂ—ਇੱਥੇ ਸੁਦੇਸ਼ ਵਿੱਚ ਅਤੇ ਪੂਰੀ ਦੁਨੀਆ ਦੋਵਾਂ ਵਿੱਚ—ਮਿਡਲ ਕਲਾਸ ਅਤੇ ਉਹਨਾਂ ਲਈ ਸ਼ਾਨਦਾਰ ਮੌਕੇ ਪੇਸ਼ ਕਰਦੀਆਂ ਹਨ, ਜੋ ਇਸ ਵਿੱਚ ਸ਼ਾਮਲ ਹੋਣ ਲਈ ਸਖ਼ਤ ਮਿਹਨਤ ਕਰ ਰਹੇ ਹਨ।

ਨਵੀਨਤਾ, ਕੁਸ਼ਲਤਾਵਾਂ, ਭਾਈਵਾਲੀਆਂ ਅਤੇ ਨਿਰਪੱਖਤਾ ਤੇ ਆਪਣਾ ਪੂਰਾ ਧਿਆਨ ਕੇਂਦਰਿਤ ਕਰਦੇ ਹੋਏ, ਬਜਟ 2017 ਸਾਰੇ ਕੈਨੇਡਾ ਵਾਸੀਆਂ ਲਈ ਵੱਧ ਖੁਸ਼ਹਾਲ ਭਵਿੱਖ ਸੁਰੱਖਿਅਤ ਕਰਨ ਵਿੱਚ ਅਗਲੇ ਕਦਮ ਚੁੱਕਦਾ ਹੈ। ਇਹ ਮਿਹਨਤੀ, ਪ੍ਰਤਿਭਾਸ਼ੀਲ ਅਤੇ ਰਚਨਾਤਮਕ ਲੋਕਾਂ ਦੀਆਂ ਕੁਸ਼ਲਤਾਵਾਂ ਨੂੰ ਵਿਕਸਿਤ ਕਰਨ ਵਿੱਚ ਉਹਨਾਂ ਦੀ ਮਦਦ ਕਰਦਾ ਹੈ, ਜਿਸਦੀ ਲੋੜ ਉਹਨਾਂ ਨੂੰ ਸਾਡੇ ਸਭ ਤੋਂ ਵੱਧ ਸਫਲ ਉਦਯੋਗਾਂ ਅਤੇ ਉੱਚ-ਵਿਕਾਸ ਵਾਲੀਆਂ ਕੰਪਨੀਆਂ ਨੂੰ ਅੱਗੇ ਵਧਾਉਣ ਵਿੱਚ ਹੁੰਦੀ ਹੈ, ਅਤੇ ਇਹ ਮਾਨਸਿਕ ਸਿਹਤ, ਘਰ ਵਿੱਚ ਦੇਖਭਾਲ ਅਤੇ ਮੂਲ ਨਿਵਾਸੀ ਸਿਹਤ ਦੇਖਭਾਲ ਤੇ ਧਿਆਨ ਕੇਂਦਰਿਤ ਕਰਕੇ ਕੈਨੇਡਾ ਵਾਸੀਆਂ ਦੀ ਸਿਹਤ ਵਿੱਚ ਨਿਵੇਸ਼ ਕਰਦਾ ਹੈ।

ਅੱਜ, ਵਿੱਤ ਮੰਤਰੀ ਬਿਲ ਮੋਰਨੋ (Finance Minister Bill Morneau) ਨੇ ਸਰਕਾਰ ਦਾ ਦੂਜਾ ਬਜਟ—*ਮਜ਼ਬੂਤ ਮਿਡਲ ਕਲਾਸ ਦਾ ਨਿਰਮਾਣ ਕਰਨਾ*—ਪੇਸ਼ ਕੀਤਾ, ਜੋ ਮਿਡਲ ਕਲਾਸ ਦੇ ਕੈਨੇਡਾ ਵਾਸੀਆਂ ਨੂੰ ਉਹਨਾਂ ਦੀ ਜ਼ਿੰਦਗੀ ਦੇ ਹਰੇਕ ਪੜਾਅ ਵਿੱਚ, ਸਾਡੇ ਆਂਢ-ਗੁਆਂਢ ਅਤੇ ਭਾਈਚਾਰਿਆਂ ਦੀ ਕਾਇਆਪਲਟ ਕਰਨ ਵਿੱਚ ਅਤੇ ਹਰੇਕ ਕੈਨੇਡਾ ਵਾਸੀ ਨੂੰ ਸਫਲਤਾ ਦਾ ਅਸਲੀ ਅਤੇ ਨਿਰਪੱਖ ਮੌਕਾ ਦੇਣ ਵਿੱਚ ਨਿਵੇਸ਼ ਕਰਨਾ ਜਾਰੀ ਰੱਖੇਗਾ।

ਬਜਟ 2017 ਇਹ ਕਰੇਗਾ:

- **ਕੈਨੇਡਾ ਦੇ ਕਾਮਿਆਂ ਨੂੰ ਉਹਨਾਂ ਕੁਸ਼ਲਤਾਵਾਂ ਅਤੇ ਸਾਧਨਾਂ ਨਾਲ ਲੈਸ ਕਰੇਗਾ, ਜਿਨ੍ਹਾਂ ਦੀ ਲੋੜ ਉਹਨਾਂ ਨੂੰ ਬਦਲਦੇ ਅਰਥਚਾਰੇ ਵਿੱਚ ਸਫਲ ਹੋਣ ਲਈ ਹੈ।** ਬਜਟ 2017 ਨੇ ਕੈਨੇਡਾ ਦੇ ਕੁਸ਼ਲ, ਪ੍ਰਤਿਭਾਸ਼ੀਲ ਅਤੇ ਰਚਨਾਤਮਕ ਲੋਕਾਂ ਨੂੰ ਵੱਧ ਨਵੀਨ ਅਰਥਚਾਰੇ ਦੇ ਕੇਂਦਰ ਵਿੱਚ ਰੱਖਿਆ ਹੈ। ਇਹ ਨਵੇਂ ਅਰਥਚਾਰੇ ਵਿੱਚ ਤਬਦੀਲੀਆਂ ਨੂੰ ਅਪਨਾਉਣ ਲਈ ਬਾਲਗ ਕਾਮਿਆਂ ਦੀਆਂ ਕੁਸ਼ਲਤਾਵਾਂ ਨੂੰ ਨਵੇਂ ਸਿਰੇ ਤੋਂ ਪ੍ਰਾਪਤ ਕਰਨ ਜਾਂ ਬਿਹਤਰ ਬਣਾਉਣ ਵਿੱਚ ਉਹਨਾਂ ਦੀ ਮਦਦ ਕਰਨ ਲਈ,

ਅਤੇ ਜਵਾਨ ਲੋਕਾਂ ਦੀ ਉਹ ਕੁਸ਼ਲਤਾਵਾਂ ਅਤੇ ਕੰਮ ਸਬੰਧੀ ਅਨੁਭਵ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਸੂਝ-ਬੂਝ ਨਾਲ ਨਿਵੇਸ਼ ਕਰੇਗਾ, ਜਿਨ੍ਹਾਂ ਦੀ ਉਹਨਾਂ ਨੂੰ ਆਪਣੇ ਕੈਰੀਅਰ ਸ਼ੁਰੂ ਕਰਨ ਲਈ ਲੋੜ ਹੈ।

- **ਕੈਨੇਡਾ ਦੀ ਹੁਣ ਤੱਕ ਦੀ ਪਹਿਲੀ ਜੈਂਡਰ ਸਟੇਟਮੈਂਟ ਦੇ ਨਾਲ, ਲਿੰਗ ਸਮਾਨਤਾ ਦੇ ਪ੍ਰਤੀ ਮਹੱਤਵਪੂਰਣ ਕਦਮ ਚੁੱਕੇਗਾ**, ਜੋ ਉਸ ਭੂਮਿਕਾ ਬਾਰੇ, ਜੋ ਲਿੰਗ ਨੀਤੀ ਦੇ ਵਿਕਾਸ ਵਿੱਚ ਨਿਭਾਉਂਦੀ ਹੈ, ਨਿਰੰਤਰ, ਸਪਸ਼ਟ ਅਤੇ ਪਾਰਦਰਸ਼ੀ ਵਿਚਾਰ-ਵਟਾਉਂਦਿਆਂ ਲਈ ਆਧਾਰ ਦੇ ਤੌਰ ਤੇ ਕੰਮ ਕਰਦੀ ਹੈ।

- ਇਹ ਕੈਨੇਡਾ ਵਾਸੀਆਂ ਦੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ **ਕੈਨੇਡਾ ਦੇ ਜਨਤਕ ਤੌਰ ਤੇ ਪੈਸਾ ਲਗਾਏ ਗਏ ਯੂਨੀਵਰਸਲ ਸਿਹਤ ਦੇਖਭਾਲ ਸਿਸਟਮ ਨੂੰ ਮਜ਼ਬੂਤ ਬਣਾਵੇਗਾ।** ਬਜਟ 2017 ਘਰ ਵਿੱਚ ਬਿਹਤਰ ਦੇਖਭਾਲ ਅਤੇ ਮਾਨਸਿਕ ਸਿਹਤ ਪਹਿਲਕਦਮੀਆਂ, ਜੋ ਉਹਨਾਂ ਪਰਿਵਾਰਾਂ ਦੀ ਮਦਦ ਕਰਨਗੀਆਂ, ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ, ਵਿੱਚ ਨਿਵੇਸ਼ ਕਰਕੇ 12 ਸੂਬਿਆਂ ਅਤੇ ਪ੍ਰਦੇਸ਼ਾਂ ਦੇ ਨਾਲ ਸਰਕਾਰ ਦੇ ਇਤਿਹਾਸਕ ਸਿਹਤ ਫੰਡਿੰਗ ਇਕਰਾਰਨਾਮਿਆਂ ਦੀ ਪੁਸ਼ਟੀ ਕਰਦਾ ਹੈ।

- ਅਜਿਹੇ ਗ੍ਰੀਨ (ਵਾਤਾਵਰਣ ਪੱਖੀ) ਬੁਨਿਆਦੀ ਢਾਂਚਾ ਵਿੱਚ ਨਿਵੇਸ਼ ਕਰਦੇ ਹੋਏ, ਜੋ ਗ੍ਰੀਨਹਾਊਸ ਗੈਸ ਨਿਕਾਸਾਂ ਨੂੰ ਘੱਟ ਕਰਦਾ ਹੈ, ਸਾਫ਼ ਹਵਾ ਅਤੇ ਪੀਣ ਦਾ ਸੁਰੱਖਿਅਤ ਪਾਣੀ ਦਿੰਦਾ ਹੈ ਅਤੇ ਨਵਿਆਉਣਯੋਗ ਪਾਵਰ ਨੂੰ ਵਧਾਉਂਦਾ ਹੈ, **ਕਲੀਨ ਗ੍ਰੋਥ ਅਰਥਚਾਰੇ ਦਾ ਨਿਰਮਾਣ ਕਰਨ ਲਈ ਕੈਨੇਡਾ ਦੇ ਯਤਨਾਂ ਨੂੰ ਅੱਗੇ ਵਧਾਏਗਾ।** ਬਜਟ 2017 ਵਿੱਚ ਕਲੀਨ ਗ੍ਰੋਥ ਅਤੇ ਜਲਵਾਯੂ ਸਬੰਧੀ ਤਬਦੀਲੀ ਤੇ ਸਮੁੱਚੇ-ਕੈਨੇਡਾ ਦੇ ਢਾਂਚੇ ਵਿੱਚ ਮਹੱਤਵਪੂਰਣ ਕਦਮ ਚੁੱਕੇ ਗਏ ਹਨ।

- **ਕੈਨੇਡਾ ਨੂੰ ਬਦਲਦੇ ਅਰਥਚਾਰੇ ਦੇ ਮੁੱਖ ਕੇਂਦਰ ਵਿੱਚ ਰੱਖੇਗਾ;** ਅਜਿਹਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਕੇ ਕੀਤਾ ਜਾਵੇਗਾ ਕਿ ਕੈਨੇਡਾ ਵਾਸੀ ਭਵਿੱਖੀ ਨੌਕਰੀਆਂ ਤੱਕ ਪਹੁੰਚ ਦੇ ਯੋਗ ਹਨ। ਬਜਟ 2017 ਕੰਪਨੀਆਂ ਨੂੰ ਵਿਸ਼ਵਵਿਆਪੀ ਪੈਮਾਨੇ ਤੇ ਜੁੜਨ ਵਿੱਚ ਮਦਦ ਕਰਦਾ ਹੈ, ਆਧੁਨਿਕ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਨਵੀਨਤਾਕਾਰੀ ਅਤੇ ਸਹਿਯੋਗਾਤਮਕ ਦ੍ਰਿਸ਼ਟੀਕੋਣ ਅਪਨਾਉਂਦਾ ਹੈ ਅਤੇ ਕਾਰੋਬਾਰੀਆਂ ਨੂੰ ਉਹ ਸਭ ਕੁਝ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ, ਜਿਨ੍ਹਾਂ ਦੀ ਉਹਨਾਂ ਨੂੰ ਅੱਗੇ ਵਧਣ ਲਈ ਲੋੜ ਹੈ।

- **ਵੱਧ ਮਜ਼ਬੂਤ ਭਾਈਚਾਰੇ ਬਣਾਵੇਗਾ**; ਅਜਿਹਾ ਜਲਦੀ ਸਿਖਲਾਈ, ਬਾਲ ਦੇਖਭਾਲ ਅਤੇ ਪੁੱਜਣਯੋਗ ਰਿਹਾਇਸ਼ਾਂ ਤੱਕ ਪਹੁੰਚ ਨੂੰ ਬਿਹਤਰ ਬਣਾ ਕੇ ਕੀਤਾ ਜਾਵੇਗਾ। ਬਜਟ 2017 ਵਿੱਚ ਵੱਧ ਸੱਭਿਆਚਾਰਕ ਅਤੇ ਮਨੋਰੰਜਨ ਕੇਂਦਰਾਂ ਦੇ ਨਾਲ-ਨਾਲ, ਸੁਰੱਖਿਅਤ ਅਤੇ ਪਹੁੰਚਯੋਗ ਜਨਤਕ ਥਾਵਾਂ ਦੇ ਨਾਲ, ਸਾਰੇ ਕੈਨੇਡਾਵਾਸੀਆਂ ਦੀ ਜੀਵਨ ਕੁਆਲਿਟੀ ਨੂੰ ਬਿਹਤਰ ਬਣਾਉਣ ਲਈ ਠੋਸ ਕੰਮ ਕਰਨਾ ਤੈਅ ਕੀਤਾ ਗਿਆ ਹੈ।

- **ਮੂਲ ਨਿਵਾਸੀ ਲੋਕਾਂ ਦੇ ਨਾਲ ਸੁਲ੍ਹਾ ਨੂੰ ਅੱਗੇ ਵਧਾਏਗਾ**; ਅਜਿਹਾ ਬੁਨਿਆਦੀ ਢਾਂਚਾ ਅਤੇ ਫਸਟ ਨੇਸ਼ਨਸ ਅਤੇ ਇਨੂਇਟ ਦੀ ਸਿਹਤ ਵਿੱਚ ਨਿਵੇਸ਼ ਕਰਕੇ, ਮੂਲ ਨਿਵਾਸੀ ਭਾਈਚਾਰਿਆਂ ਨੂੰ ਮਜ਼ਬੂਤ ਬਣਾਉਣ ਲਈ ਕੰਮ ਕਰਕੇ, ਸਿੱਖਿਆ ਅਤੇ ਟ੍ਰੇਨਿੰਗ ਨੂੰ ਸਹਿਯੋਗ ਦੇਣ ਲਈ ਫੰਡਿੰਗ ਕਰਕੇ, ਅਤੇ ਭਾਸ਼ਾ ਦਾ ਅਤੇ ਸਭਿਆਚਾਰ ਨੂੰ ਮੁੜ ਸ਼ਕਤੀਸ਼ਾਲੀ ਬਣਾਉਣ ਦਾ ਸਮਰਥਨ ਕਰਨ ਦੇ ਉਪਾਅ ਕਰਕੇ ਕੀਤਾ ਜਾਵੇਗਾ।

- **ਮਿਡਲ ਕਲਾਸ ਲਈ ਟੈਕਸ ਸਿਸਟਮ ਨੂੰ ਵੱਧ ਨਿਰਪੱਖ ਬਣਾਵੇਗਾ।** ਬਜਟ 2017 ਟੈਕਸ ਸਬੰਧੀ ਕਮੀਆਂ ਨੂੰ ਦੂਰ ਕਰੇਗਾ, ਟੈਕਸ ਨਾ ਭਰਨ ਵਾਲਿਆਂ ਤੇ ਸਖ਼ਤ ਕਾਰਵਾਈ ਕਰੇਗਾ, ਵਿਅਕਤੀਆਂ ਅਤੇ ਪਰਿਵਾਰਾਂ ਲਈ ਮੌਜੂਦਾ ਟੈਕਸ ਉਪਾਵਾਂ ਨੂੰ

ਬਿਹਤਰ ਬਣਾਵੇਗਾ ਅਤੇ ਉਹਨਾਂ ਉਪਾਵਾਂ ਨੂੰ ਖ਼ਤਮ ਕਰੇਗਾ, ਜੋ ਬੇਕਾਰ ਹਨ ਜਾਂ ਹੁਣ ਪ੍ਰਭਾਵੀ ਨਹੀਂ ਹਨ। ਬਜਟ 2017 ਰਾਹੀਂ, ਸਰਕਾਰ ਉਹਨਾਂ ਟੈਕਸ ਉਪਾਵਾਂ ਨੂੰ ਖ਼ਤਮ ਕਰਨ ਦੇ ਪ੍ਰਤੀ ਵੀ ਕਦਮ ਚੁੱਕੇਗੀ, ਜੋ ਬੇਮੇਲਵੇਂ ਢੰਗ ਨਾਲ ਅਮੀਰ ਲੋਕਾਂ ਨੂੰ ਫ਼ਾਇਦਾ ਪਹੁੰਚਾਉਂਦੇ ਹਨ।

ਅੱਜ ਕਾਰਵਾਈ ਕਰਕੇ—ਉਹਨਾਂ ਕੰਮਾਂ ਵਿੱਚ ਨਿਵੇਸ਼ ਕਰਕੇ, ਜਿਨ੍ਹਾਂ ਦੀ ਲੋੜ ਕੈਨੇਡਾ ਵਾਸੀਆਂ ਨੂੰ ਹੁਣ ਅਤੇ ਭਵਿੱਖ ਵਿੱਚ ਸਫਲ ਹੋਣ ਲਈ ਹੈ—ਬਜਟ 2017 ਇੱਕ ਅਜਿਹਾ ਵਿਕਾਸਸ਼ੀਲ ਅਰਥਚਾਰਾ ਦੇਣ ਵਿੱਚ ਮਦਦ ਕਰੇਗਾ, ਜੋ ਹਰੇਕ ਕੈਨੇਡਾ ਵਾਸੀ ਲਈ ਲਾਭਕਾਰੀ ਹੋਵੇਗਾ।

**ਕਥਨ**

"ਬਜਟ 2017 ਨੌਕਰੀਆਂ ਬਾਰੇ ਹੈ। ਇਹ ਕੈਨੇਡਾ ਵਾਸੀਆਂ ਨੂੰ ਭਵਿੱਖੀ ਨੌਕਰੀਆਂ ਲਈ ਤਿਆਰ ਕਰਦੇ ਹੋਏ, ਵਰਤਮਾਨ ਵਿੱਚ ਮਿਡਲ ਕਲਾਸ ਲਈ ਵਧੀਆ ਨੌਕਰੀਆਂ ਪੈਦਾ ਕਰਨ ਬਾਰੇ ਹੈ। ਕੈਨੇਡਾ ਦੇ ਅਰਥਚਾਰੇ ਲਈ ਸਾਡੀ ਯੋਜਨਾ ਵਿੱਚ ਅਗਲਾ ਕਦਮ ਸਾਡੇ ਬੱਚਿਆਂ ਅਤੇ ਪੋਤੇ-ਪੋਤੀਆਂ ਲਈ ਬਿਹਤਰ ਭਵਿੱਖ ਯਕੀਨੀ ਬਣਾਉਂਦੇ ਹੋਏ, ਸਾਡੇ ਭਾਈਚਾਰਿਆਂ ਦੀ ਸਿਹਤ ਨੂੰ ਬਿਹਤਰ ਬਣਾਉਂਦੇ ਹੋਏ ਸਮਾਰਟ ਅਤੇ ਜ਼ਿੰਮੇਵਾਰ ਨਿਵੇਸ਼ ਕਰਨਾ ਹੈ, ਜਿਸਦੀ ਸਾਨੂੰ ਨਵੀਨਤਾਕਾਰੀ ਅਤੇ ਮੁਕਾਬਲੇਦਾਰ ਬਣਨ ਲਈ ਲੋੜ ਹੈ।"

*—ਬਿਲ ਮੋਰਨੋ, ਵਿੱਤ ਮੰਤਰੀ* (*Bill Morneau, Minister of Finance*)

## ਸਬੰਧਿਤ ਵਿਸ਼ੇ

- ਬਜਟ ਯੋਜਨਾ
- ਬਜਟ ਭਾਸ਼ਣ
- ਤੱਥ ਪੱਤਰ
- ਜਨਵਰੀ 2017 ਲਈ *ਫਿਸਕਲ ਮਾਨੀਟਰ*

## ਮੀਡੀਆ ਇਨ੍ਹਾਂ ਨਾਲ ਸੰਪਰਕ ਕਰਨ:

Annie Donolo
Press Secretary
Office of the Minister of Finance
annie.donolo@canada.ca
613-769-7187

Media Relations
Department of Finance Canada
fin.media-media.fin@canada.ca
613-369-4000

## ਆਮ ਪੁੱਛ ਗਿੱਛ

ਫ਼ੋਨ: 613-369-3710
ਫੈਕਸ: 613-369-4065
TTY: 613-369-3230
ਈ-ਮੇਲ: fin.financepublic-financepublique.fin@canada.ca